# BUDHA DAL PUBLIC SCHOOL, PATIALA
## Final Examination (16 February 2026)
**Class - XI**
**Paper - Punjabi (104) (Set - B)**

**Time: 3 hrs.** **MM: 80**

**ਆਮ ਨਿਰਦੇਸ਼:**

1. ਹੇਠ ਲਿਖੇ ਨਿਰਦੇਸ਼ਾਂ ਨੂੰ ਧਿਆਨ ਨਾਲ ਪੜ੍ਹੋ ਅਤੇ ਉਹਨਾਂ ਦਾ ਪਾਲਣ ਕਰੋ।
2. ਸਾਰੇ ਪ੍ਰਸ਼ਨ ਲਾਜ਼ਮੀ ਹਨ।
3. ਪ੍ਰਸ਼ਨਾਂ ਵਿੱਚ ਦਿੱਤੀ ਗਈ ਚੋਣ ਨੂੰ ਧਿਆਨ ਨਾਲ ਵੇਖ ਕੇ ਨਿਰਦੇਸ਼ਾਂ ਅਨੁਸਾਰ ਹੱਲ ਕੀਤਾ ਜਾਵੇ।
4. ਸਾਫ਼ ਅਤੇ ਸ਼ੁੱਧ ਲਿਖਿਆ ਜਾਵੇ, ਪ੍ਰਸ਼ਨ ਨੰਬਰ ਅਤੇ ਉਪ-ਭਾਗ ਨੰਬਰ ਬਿਲਕੁਲ ਸਹੀ ਅਤੇ ਪ੍ਰਸ਼ਨ-ਪੱਤਰ ਅਨੁਸਾਰ ਲਿਖੇ ਜਾਣ।
5. ਉੱਤਰਾਂ ਨੂੰ ਧਿਆਨ ਨਾਲ ਉੱਤਰ-ਸ਼ੀਟ 'ਤੇ ਲਿਖਿਆ ਜਾਵੇ।

---

**ਅਡਵਾਂਸ ਪੜ੍ਹਨ ਕੌਸ਼ਲ**

**ਪ੍ਰ1. ਹੇਠਾਂ ਲਿਖੇ ਵਾਰਤਕ ਪੈਰ੍ਹੇ ਨੂੰ ਧਿਆਨ ਨਾਲ ਪੜ੍ਹ ਕੇ ਹੇਠਾਂ ਲਿਖੇ ਪ੍ਰਸ਼ਨਾਂ ਦੇ ਸਹੀ ਵਿਕਲਪ ਚੁਣੋ:** (8)

(II) ਮਿੱਠਾ ਬੋਲਣਾ ਸਭ ਚੰਗਿਆਈਆਂ ਦਾ ਮੂਲ ਹੈ। ਮਿੱਠਾ ਬੋਲਣ ਵਾਲਾ ਕਿਤੇ ਧੋਖਾ ਨਹੀਂ ਖਾਂਦਾ। ਮਿਠਾਸ ਵਿੱਚ ਇੰਨੀ ਸ਼ਕਤੀ ਹੈ ਕਿ ਗੁੱਸੇ ਨੂੰ ਵੀ ਸ਼ਾਂਤ ਕਰ ਦਿੰਦੀ ਹੈ। ਭਾਈ ਗੁਰਦਾਸ ਅੱਗ ਤੇ ਪਾਣੀ ਦੀਆਂ ਉਦਾਹਰਨਾਂ ਦਿੰਦੇ ਹੋਏ ਆਖਦੇ ਹਨ ਕਿ ਅੱਗ ਦੀਆਂ ਲਪਟਾਂ ਉੱਪਰ ਨੂੰ ਜਾਂਦੀਆਂ ਹਨ। ਪਰੰਤੂ ਉਨ੍ਹਾਂ ਦਾ ਕੋਈ ਲਾਭ ਨਹੀਂ ਪਰੰਤੂ ਪਾਣੀ ਹਮੇਸ਼ਾ ਨੀਵੇਂ ਵੱਲ ਨੂੰ ਵਗਦਾ ਹੈ। ਪਾਣੀ ਅੱਗ ਵਾਂਗ ਗਰਮ ਨਹੀਂ ਬਲਕਿ ਠੰਢਾ ਹੁੰਦਾ ਹੈ। ਕੋਈ ਕਿੰਨਾ ਵੀ ਮਹਾਨ ਹੈ ਪਰ ਜੇ ਉਸ ਵਿੱਚ ਮਿਠਾਸ ਨਹੀਂ ਤਾਂ ਕੁਝ ਵੀ ਨਹੀਂ, ਸਭ ਵਿਅਰਥ ਹੈ। ਇਹ ਇੱਕ ਸਚਾਈ ਹੈ ਕਿ ਗੁਰਬਾਣੀ ਵਿੱਚ ਇਸ ਦੀਆਂ ਉਦਾਹਰਨਾਂ ਦੇ ਕੇ ਗੁਰੂ ਸਾਹਿਬਾਨ ਜੀ ਦੱਸਦੇ ਹਨ ਕਿ ਤੱਕੜੀ ਦੇ ਜਿਹੜੇ ਪੱਲੜੇ ਵਿੱਚ ਅਸੀਂ ਭਾਰ ਪਾ ਕੇ ਤੋਲਦੇ ਹਾਂ ਉਹੀ ਨੀਵਾਂ ਹੋ ਜਾਂਦਾ ਹੈ ਭਾਵ ਜਿਹੜਾ ਵਿਅਕਤੀ ਗੁਣਾਂ ਨਾਲ ਭਰਪੂਰ ਹੋਵੇਗਾ, ਉਹ ਹੀ ਨੀਵਾਂ ਹੋਵੇਗਾ। ਮਿੱਠਾ ਹੋਣਾ ਤੇ ਨੀਵਾਂ ਹੋਣਾ ਦੋਵੇਂ ਹੀ ਚੰਗੇ ਗੁਣ ਮੰਨੇ ਗਏ ਹਨ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਆਪਣੀਆਂ ਤੁਕਾਂ ਵਿੱਚ ਇਨ੍ਹਾਂ ਦੋਹਾਂ ਵਿਸ਼ਿਆਂ ਨੂੰ ਬੜੇ ਹੀ ਸਾਦਗੀ ਢੰਗ ਨਾਲ ਪੇਸ਼ ਕੀਤਾ ਹੈ, ਜਿਵੇਂ—'ਮਿਠਤੁ ਨੀਵੀਂ ਨਾਨਕਾ ਗੁਣ ਚੰਗਿਆਈਆਂ ਤਤੁ।' ਇਹ ਤੁਕਾਂ ਜ਼ਿੰਦਗੀ ਦੀਆਂ ਗੂੜ੍ਹ ਤੇ ਅਟਲ ਸਚਾਈਆਂ ਨੂੰ ਪੇਸ਼ ਕਰਦੀਆਂ ਹਨ। ਸੋ ਸਾਨੂੰ ਵੀ ਇਨ੍ਹਾਂ ਵਿਚਾਰਾਂ 'ਤੇ ਪੂਰੇ ਖਰੇ ਉਤਰਨਾ ਚਾਹੀਦਾ ਹੈ ਤਾਂ ਜੋ ਇਸ ਨਾਲ ਅਸੀਂ ਆਪਣਾ ਤੇ ਆਪਣੇ ਪਰਿਵਾਰ ਦੇ ਨਾਲ-ਨਾਲ ਪੂਰੀ ਮਨੁੱਖਤਾ ਨੂੰ ਗੁਰੂਆਂ-ਪੀਰਾਂ ਦੇ ਉੱਚ ਵਿਚਾਰਾਂ ਦੇ ਪੂਰਨਿਆਂ 'ਤੇ ਤੁਰਨ ਲਈ ਪ੍ਰੇਰਿਤ ਕਰੀਏ।

**ਉਪਰੋਕਤ ਵਾਰਤਕ ਪੈਰੇ ਦੇ ਅਧਾਰ 'ਤੇ ਹੇਠਾਂ ਦਿੱਤੇ ਪ੍ਰਸ਼ਨਾਂ ਦੇ ਉੱਤਰਾਂ ਲਈ ਸਹੀ ਵਿਕਲਪ ਚੁਣੋ :**

**ਪ੍ਰਸ਼ਨ 1. ਸਭ ਚੰਗਿਆਈਆਂ ਦਾ ਮੂਲ ਕਿਸ ਨੂੰ ਮੰਨਿਆ ਗਿਆ ਹੈ ?**

(ੳ) ਕੌੜਾ ਬੋਲਣ ਨੂੰ ☐ (ਅ) ਮਿੱਠਾ ਬੋਲਣ ਨੂੰ ☐

(ੲ) ਤਾਕਤ ਵਿਖਾਉਣ ਨੂੰ ☐ (ਸ) ਕਿਸੇ ਦੀ ਮਦਦ ਕਰਨ ਨੂੰ ☐

**ਪ੍ਰਸ਼ਨ 2. ਭਾਈ ਗੁਰਦਾਸ ਜੀ ਨੇ ਅੱਗ ਤੇ ਪਾਣੀ ਦੀ ਉਦਾਹਰਨ ਦੇ ਕੇ ਕੀ ਸਮਝਾਇਆ ਹੈ ?**

(ੳ) ਮਿਠਾਸ ਤੋਂ ਬਿਨਾ ਸਭ ਕੁਝ ਵਿਅਰਥ ਹੈ ☐

(ਅ) ਕੌੜਾ ਬੋਲਣ ਨਾਲ ਅਸੀਂ ਸਭ ਕੁਝ ਹਾਸਲ ਕਰ ਸਕਦੇ ਹਾਂ ☐

(ੲ) ਧੋਖਾ ਦੇਣ ਵਾਲਾ ਮਹਾਨ ਬਣ ਜਾਂਦਾ ਹੈ ☐

(ਸ) ਕੁਰੱਖਤ ਵਿਅਕਤੀ ਦੂਜਿਆਂ ਨੂੰ ਆਪਣੇ ਵੱਲ ਆਕਰਸ਼ਿਤ ਕਰ ਸਕਦਾ ਹੈ। ☐

**ਪ੍ਰਸ਼ਨ 3. ਗੁਰਬਾਣੀ ਵਿੱਚ ਨਿਮਰਤਾ ਨੂੰ ਕਿਵੇਂ ਵਡਿਆਇਆ ਗਿਆ ਹੈ ?**

(ੳ) ਮਸ਼ੀਨ ਦੀ ਉਦਾਹਰਨ ਦੇ ਕੇ ☐ (ਅ) ਅੱਗ ਦੀ ਉਦਾਹਰਨ ਦੇ ਕੇ ☐

(ੲ) ਤੱਕੜੀ ਦੀ ਉਦਾਹਰਨ ਦੇ ਕੇ ☐ (ਸ) ਪੀਰਾਂ-ਫ਼ਕੀਰਾਂ ਦੀ ਉਦਾਹਰਨ ਦੇ ਕੇ ☐

**ਪ੍ਰਸ਼ਨ 4. 'ਮੂਲ' ਸ਼ਬਦ ਦਾ ਅਰਥ ਦੱਸੋ**

(ੳ) ਕੀਮਤ ☐ (ਅ) ਨਿਚੋੜ ☐

(ੲ) ਸਿੱਟਾ ☐ (ਸ) ਤਾਕਤ ☐

**ਪ੍ਰਸ਼ਨ 5. ਉਪਰੋਕਤ ਪੈਰੇ ਦਾ ਢੁਕਵਾਂ ਸਿਰਲੇਖ ਲਿਖੋ।**

(ੳ) ਮਿਠਤੁ ਨੀਵੀਂ ਨਾਨਕਾ ਗੁਣ ਚੰਗਿਆਈਆਂ ਤਤੁ।

(ਅ) ਅੱਗ ਅਤੇ ਪਾਣੀ ਦਾ ਸੁਮੇਲ

(ੲ) ਸ੍ਰੀ ਗੁਰੂ ਨਾਨਕ ਦੇਵ ਜੀ ☐

(ਸ) ਜ਼ਿੰਦਗੀ ਦੀ ਸਚਾਈ ☐

B-1

Scanned with OKEN Scanner

ਪ੍ਰਸ਼ਨ 6. ਗੁੱਸੇ ਨੂੰ ਕੌਣ ਸ਼ਾਂਤ ਕਰ ਸਕਦਾ ਹੈ?

(ੳ) ਨਿਮਰਤਾ ☐ (ਅ) ਮਿਠਾਸ ☐

(ੲ) ਅੱਗ ☐ (ਸ) ਪਾਣੀ ☐

ਪ੍ਰਸ਼ਨ 7. ਤੱਕੜੀ ਦਾ ਕਿਹੜਾ ਪੱਲੜਾ ਭਾਰੀ ਹੁੰਦਾ ਹੈ?

(ੳ) ਨੀਵਾਂ ☐ (ਅ) ਉੱਚਾ ☐

(ੲ) ਦੋਵੇਂ ☐ (ਸ) ਕੋਈ ਵੀ ਨਹੀਂ ☐

ਪ੍ਰਸ਼ਨ 8. 'ਮਿਠਤੁ ਨੀਵੀਂ ਨਾਨਕਾ ਗੁਣ ਚੰਗਿਆਈਆਂ ਤਤੁ' ਇਹ ਤੁਕ ਕਿਸ ਦੁਆਰਾ ਲਿਖੀ ਹੋਈ ਹੈ?

(ੳ) ਸ੍ਰੀ ਗੁਰੂ ਨਾਨਕ ਦੇਵ ਜੀ ☐ (ਅ) ਭਾਈ ਗੁਰਦਾਸ ਜੀ ☐

(ੲ) ਭਾਈ ਵੀਰ ਸਿੰਘ ☐ (ਸ) ਇਨ੍ਹਾਂ 'ਚੋਂ ਕੋਈ ਵੀ ਨਹੀਂ ☐

**ਪ੍ਰਭਾਵਸ਼ਾਲੀ ਲਿਖਣ - ਕੌਸ਼ਲ**

**ਪ੍ਰ2.** 'ਟ੍ਰੈਫਿਕ ਸਮੱਸਿਆ ਇੱਕ ਗੰਭੀਰ ਚੁਣੌਤੀ' ਵਿਸ਼ੇ 'ਤੇ ਕਿਸੇ ਅਖ਼ਬਾਰ ਦੇ ਸੰਪਾਦਕ ਨੂੰ ਪੱਤਰ ਲਿਖੋ। (8)

**ਜਾਂ**

ਨਕਲੀ ਦਵਾਈਆਂ ਦੀ ਵਿਕਰੀ ਬਾਰੇ ਕਿਸੇ ਅਖ਼ਬਾਰ ਦੇ ਸੰਪਾਦਕ ਨੂੰ ਪੱਤਰ ਲਿਖੋ।

**ਪ੍ਰ3. ਹੇਠਾਂ ਲਿਖੇ ਵਿਸ਼ਿਆਂ ਵਿੱਚੋਂ ਕਿਸੇ ਇਕ ਵਿਸ਼ੇ 'ਤੇ (125-150) ਸ਼ਬਦਾਂ ਦਾ ਲੇਖ ਲਿਖੋ:** (7)

**ਪਾਣੀ ਦਾ ਨੀਵਾਂ ਹੋ ਰਿਹਾ ਪੱਧਰ**

**ਜਾਂ**

**ਆਨਲਾਈਨ ਖਰੀਦਦਾਰੀ**

**ਪ੍ਰ4.** ਸਰਕਾਰੀ ਨੌਕਰੀ ਪ੍ਰਾਪਤ ਲੜਕੇ ਲਈ ਕੰਨਿਆ ਦੀ ਲੋੜ ਲਈ ਇਸ਼ਤਿਹਾਰ ਲਿਖੋ। (6)

**ਜਾਂ**

ਆਪਣੇ ਦਾਦ-ਦਾਦੀ ਵੱਲੋਂ ਪੋਤਰੇ ਦਾ ਜਨਮ-ਦਿਨ ਮਨਾਉਣ ਸੰਬੰਧੀ ਸੱਦਾ-ਪੱਤਰ ਲਿਖੋ।

**ਵਿਹਾਰਕ ਵਿਆਕਰਨ**

**ਪ੍ਰ5. ਹੇਠ ਲਿਖੇ ਮੁਹਾਵਰਿਆਂ ਵਿੱਚੋਂ ਕਿਸੇ ਛੇ (6) ਮੁਹਾਵਰਿਆਂ ਦੇ ਵਾਕ ਇਸ ਤਰ੍ਹਾਂ ਬਣਾਓ ਕਿ ਅਰਥ ਸਪਸ਼ਟ ਹੋ ਜਾਣ:** (6)

ਫੁੱਲੇ ਨਾ ਸਮਾਉਣਾ, ਪਾਣੀ ਸਿਰੋਂ ਲੰਘਣਾ, ਨਹੁੰ-ਮਾਸ ਦਾ ਰਿਸ਼ਤਾ ਹੋਣਾ, ਧੌਲਿਆਂ ਦੀ ਲਾਜ ਰੱਖਣਾ, ਤਿਲ ਧਰਨ ਨੂੰ ਥਾਂ ਨਾ ਹੋਣਾ, ਜਸ ਦਾ ਟਿੱਕਾ ਲੈਣਾ, ਟੱਸ ਤੋਂ ਮਸ ਨਾ ਹੋਣਾ, ਢੇਰੀ-ਢਾਹ ਬਹਿਣਾ

**ਪ੍ਰ6. ਕਿਸੇ ਚਾਰ ਸ਼ਬਦਾਂ ਦੇ ਸਮਾਨਾਰਥੀ ਪੰਜਾਬੀ ਸ਼ਬਦ ਲਿਖੋ:** (6)

Ancient, Bogus, Client, Volcano, Tribe, Marathon

**ਪ੍ਰ7. ਕਿਸੇ ਚਾਰ ਵਾਕਾਂ ਦਾ ਪੰਜਾਬੀ ਵਿੱਚ ਅਨੁਵਾਦ ਕਰੋ:** (2×4=8)

i) Cyber crime is a crime in which a compute is used.

ii) Examine the receipts properly after making payment of insurance policy.

iii) Always shut down computer properly.

iv) Write pin-code in address.

v) Everyone should have an insurance in his life.

B-2

Scanned with OKEN Scanner

ਪਾਠ - ਪੁਸਤਕ 'ਤੇ ਅਧਾਰਤ

**ਪ੍ਰ8. ਹੇਠ ਲਿਖੇ ਬਹੁਵਿਕਲਪੀ ਪ੍ਰਸ਼ਨਾਂ ਵਿੱਚੋਂ ਕਿਸੇ ਛੇ (6) ਦੇ ਉੱਤਰ ਦਿਓ:** (1×6=6)

1. ਬੇਟੀ ਬਾਬਲ ਨੂੰ ਕਿਹੜੇ ਮਹੀਨੇ ਵਿੱਚ ਵਿਆਹ ਕਰਨ ਲਈ ਕਹਿੰਦੀ ਹੈ?
   ੳ) ਸਾਉਣ ਅ) ਅੱਸੂ ੲ) ਵਿਸਾਖ ਸ) ਪੋਹ
2. ਡੋਲਾ ਲੈ ਕੇ ਆਉਣ ਵੇਲੇ ਮਾਂ ਨੇ ਕੀ ਕੀਤਾ?
   ੳ) ਸ਼ਗਨ ਪਾਇਆ ਅ) ਗਿੱਧਾ ਪਾਇਆ ੲ) ਲੱਡੂ ਵੰਡੇ ਸ) ਪਾਣੀ ਵਾਰ ਕੇ ਪੀਤਾ
3. ਤੁਕ ਪੂਰੀ ਕਰੋ:
   ਨਾਨਕਿਆਂ ਦਾ ਮੇਲ ਆਇਆ ............. ਨਾ ਕੋਈ ਵੇ
   ੳ) ਸੋਹਣੀ ਅ) ਅਮੀਰ ੲ) ਚੱਜ ਦਾ ਸ) ਵਿਆਹੀ
4. 'ਕਿਤੇ ਲਿੱਪਣੇ ਨਾ ਪੈਣ ਬਨੇਰੇ' ਟੱਪੇ ਵਿੱਚ ਬਾਬਲ ਨੂੰ ਕਿਹੋ ਜਿਹਾ ਘਰ ਲੱਭਣ ਲਈ ਕਿਹਾ ਹੈ?
   ੳ) ਅਮੀਰ ਅ) ਰਜਵਾੜਾ ੲ) ਗਰੀਬ ਸ) ਪੱਕਾ ਘਰ
5. 'ਬਾਗਾਂ ਦੇ ਵਿੱਚ ਸਸਤੀ ਮਿਲਦੀ' ਤੁਕ ਵਿੱਚ ਕੀ ਸਸਤੀ ਮਿਲਦੀ ਹੈ?
   ੳ) ਮਹਿੰਦੀ ਅ) ਫੁੱਲ ੲ) ਪੱਤੀਆਂ ਸ) ਖ਼ੁਸ਼ਬੂ
6. ਨਿੱਕੀ ਜਿਹੀ ਕੌਲੀ, ਕਨੇਡਾ ਜਾ ਕੇ ਬੋਲੀ
   ੳ) ਫੋਨ ਅ) ਚਿੱਠੀ ੲ) ਟੀ.ਵੀ. ਸ) ਜਹਾਜ਼
7. 'ਜੋਗੀ ਚੱਲਦੇ ਭਲੇ, ਨਗਰ ਵੱਸਦੇ ਭਲੇ।' ਇਹ ਸ਼ਬਦ ਕਿਸ ਦੇ ਹਨ?
   ੳ) ਸਲਵਾਨ ਦੇ ਅ) ਇੱਛਰਾਂ ਦੇ ੲ) ਪੂਰਨ ਦੇ ਸ) ਲੂਣਾ ਦੇ

**ਪ੍ਰ9. ਹੇਠ ਲਿਖੇ ਬਹੁਵਿਕਲਪੀ ਪ੍ਰਸ਼ਨਾਂ ਵਿੱਚੋਂ ਕਿਸੇ ਛੇ (6) ਦੇ ਉੱਤਰ ਦਿਓ:** (1×6=6)

1. ਰਾਂਝੇ ਨੇ ਕਿੰਨੇ ਸਾਲ ਹੀਰ ਦੇ ਪਿਓ ਦੀਆਂ ਮੱਝਾਂ ਚਾਰੀਆਂ?
2. ਰਸਾਲੂ ਦੇ ਬਾਪ ਤੇ ਮਾਂ ਦਾ ਕੀ ਨਾਂ ਸੀ?
3. ਖਾਈ ਟੱਪਦੇ ਕਾਲੇ ਹਰਨ ਦੇ ਕੀ ਵੱਜਾ?
4. ਚਰਖੇ ਦੀ ਘੂਕ ਸੁਣ ਕੇ ਕੌਣ ਪਹਾੜੋਂ ਉੱਤਰ ਆਇਆ ਹੈ?
5. ਲਾਡਲੀ ਬੀਬੀ ਰੋਟੀ ਪਿੱਛੋਂ ਕੀ ਮੰਗਦੀ ਹੈ?
6. ਮੁੰਡੇ ਦੇ ਜਨਮ ਸਮੇਂ ਦਾਈਆਂ ਅਤੇ ਮਾਈਆਂ ਨੂੰ ਕੀ ਦਿੱਤਾ ਗਿਆ ਸੀ?
7. ਬਾਬਲ ਦੇ ਮਹਿਲਾਂ ਵਿੱਚੋਂ ਧੀ ਦੇ ਜਾਣ ਤੋਂ ਬਾਅਦ ਕੌਣ ਖੇਡੇਗਾ?

**ਪ੍ਰ10. ਹੇਠ ਲਿਖੇ ਪ੍ਰਸ਼ਨਾਂ ਵਿੱਚੋਂ ਕਿਸੇ ਪੰਜ ਪ੍ਰਸ਼ਨਾਂ ਦੇ ਉੱਤਰ 25-30 ਸ਼ਬਦਾਂ ਵਿੱਚ ਦਿਓ:** (2×5=10)

ੳ) ਦੁੱਲੇ ਦੇ ਬਾਗ਼ੀ ਤਬੀਅਤ ਹੋਣ ਵਿੱਚ ਕਿਹੜੀਆਂ ਘਟਨਾਵਾਂ ਦਾ ਹੱਥ ਸੀ?
ਅ) ਮਿਰਜ਼ਾ ਕਿਵੇਂ ਮਾਰਿਆ ਗਿਆ?
ੲ) 'ਚੜ੍ਹ ਚੁਬਾਰੇ ਸੁੱਤਿਆ' ਸੁਹਾਗ ਵਿੱਚ ਭਾਬੋ ਦੇ ਮਨ ਵਿੱਚ ਚਾਅ ਕਿਉਂ ਹੈ?
ਸ) ਸਿੱਠਣੀਆਂ ਕਿਹੜੇ ਮੌਕੇ, ਕਿਸ ਨੂੰ ਦਿੱਤੀਆਂ ਜਾਂਦੀਆਂ ਹਨ?
ਹ) 'ਨਿੱਕੀ ਜਿਹੀ ਬੂੰਦੀ' ਘੋੜੀ ਵਿੱਚ ਭੈਣ ਤੇ ਭਰਜਾਈ ਕਿਹੜੀ ਰਸਮ ਅਦਾ ਕਰਦੀਆਂ ਹਨ?
ਕ) 'ਜੱਗ ਜਿਊਂਣ ਵੱਡੀਆਂ ਭਰਜਾਈਆਂ, ਪਾਣੀ ਮੰਗੇ ਦੁੱਧ ਦਿੰਦੀਆਂ'। ਇਸ ਟੱਪੇ ਵਿੱਚ ਕਿਹੜੇ ਭਾਵ ਪ੍ਰਗਟ ਹੋਏ ਹਨ?

B-3

Scanned with OKEN Scanner

11. ਹੇਠ ਲਿਖੇ ਪ੍ਰਸ਼ਨਾਂ ਵਿੱਚੋਂ ਕਿਸੇ ਤਿੰਨ ਪ੍ਰਸ਼ਨਾਂ ਦੇ ਉੱਤਰ 50-60 ਸ਼ਬਦਾਂ ਵਿੱਚ ਦਿਓ: (3×3=9)

ੳ) 'ਹੀਰ-ਰਾਂਝਾ' ਪ੍ਰੀਤ ਕਹਾਣੀ ਦੇ ਅੰਤ ਬਾਰੇ ਦੋ ਰਵਾਇਤਾਂ ਕਿਵੇਂ ਹਨ?

ਅ) ਸੁੰਦਰਾਂ ਕੌਣ ਸੀ? ਉਸ ਦਾ ਪੂਰਨ ਨਾਲ ਸੰਪਰਕ ਕਿਵੇਂ ਹੋਇਆ?

ੲ) 'ਕਾਲਿਆ ਹਰਨਾ' ਬੋਲੀ ਵਿੱਚ ਮਨੁੱਖੀ ਜੀਵਨ ਦੀ ਕਿਹੜੀ ਰਸਮ ਅਦਾ ਕਰਦੀਆਂ ਹਨ?

ਸ) ਬੁਝਾਰਤਾਂ ਤੋਂ ਕੀ ਭਾਵ ਹੈ? ਇਹਨਾਂ ਦਾ ਕੀ ਮਹੱਤਵ ਹੁੰਦਾ ਹੈ?

B-4

Scanned with OKEN Scanner